ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ,ਪੰਜਾਬ,
ਐਸ. ਸੀ. ਓ ਨੰ. 104-106, ਸੈਕਟਰ 34 ਏ, ਚੰਡੀਗੜ੍ਹ

ਸੇਵਾ ਵਿਖੇ

1. ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.),
2. ਸਮੂਹ ਸਕੂਲ ਮੁੱਖੀ (ਵੈੱਬ ਸਾਈਟ ਰਾਹੀਂ)

ਮੀਮੋ ਨੰ ਆਰਐਮਐਸਏ/1/1/2010/23640-23659
ਮਿਤੀ ਚੰਡੀਗੜ੍ਹ 23 ਫਰਵਰੀ, 2010

ਵਿਸ਼ਾ ਸੈਮੀਸ ਸਰਵੇ 2009-10 ਦੇ ਨਿਰੀਖਣ ਦੀ ਰਿਪੋਰਟ ।

1.0 ਉਪਰੋਕਤ ਵਿਸ਼ੇ ਤੇ ਇਸ ਦਫਤਰ ਵੱਲੋਂ ਜਾਰੀ ਕੀਤੇ ਗਏ ਪੱਤਰ ਨੰ 1/1/2010/ਆਰਐਮਐਸਏ/ਸੈਮੀਸ ਮਿਤੀ 13.1.2010 ਅਤੇ ਪੱਤਰ ਨੰ 1/1/2010/ਆਰਐਮਐਸਏ/22977-22996 ਮਿਤੀ 1.2.2010 ਜਿਸ ਦੇ ਰਾਹੀਂ ਸਾਲ 2009-10 ਦੇ ਲਈ ਆਰ.ਐਮ.ਐਸ.ਏ. ਪ੍ਰੋਗਰਾਮ ਤਹਿਤ ਸੈਮੀਸ ਡਾਟਾ ਇਕੱਠਾ ਕਰਨ ਲਈ ਕਿਹਾ ਗਿਆ ਸੀ, ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ।

2.0 ਮੁੱਖ ਦਫਤਰ ਵੱਲੋਂ ਟੀਮਾਂ ਵੱਲੋਂ ਇਹ ਵੇਖਣ ਵਿੱਚ ਆਇਆ ਹੈ ਕਿ ਜ਼ਿਲ੍ਹਾ ਸਿੱਖਿਆ ਅਫਸਰਾਂ ਵੱਲੋਂ ਆਪਣੀ ਪੱਧਰ ਤੇ ਇਸ ਡਾਟੇ ਨੂੰ ਠੀਕ ਇਕੱਤਰ ਕਰਨ ਲਈ ਕੋਈ ਉਪਰਾਲੇ ਨਹੀਂ ਕੀਤੇ ਗਏ ਹਨ । ਇਸ ਵਜ੍ਹਾ ਕਰਕੇ ਕਈ ਸਕੂਲਾਂ ਵਿੱਚ ਡਾਟਾ ਤਿਆਰ ਹੀ ਨਹੀਂ ਕੀਤਾ ਗਿਆ ਹੈ, ਜਦੋਂ ਕਿ ਜਿੱਥੇ ਤਿਆਰ ਕੀਤਾ ਗਿਆ ਹੈ, ਉਹ ਬਿਲਕੁਲ ਠੀਕ ਸਥਿਤੀ ਦੇ ਅਨੁਸਾਰ ਨਹੀਂ ਕੀਤਾ ਗਿਆ ਹੈ । ਕਈ ਥਾਵਾਂ ਤੇ ਇਹ ਗੱਲ ਵੀ ਧਿਆਨ ਵਿੱਚ ਆਈ ਹੈ ਕਿ ਬੱਚਿਆ ਦੀ ਗਿਣਤੀ ਵੀ ਸੈਮੀਸ ਡਾਟੇ ਵਿੱਚ ਨਹੀਂ ਦਿੱਤੀ ਗਈ । ਇਹ ਬੜੇ ਅਫਸ਼ੋਸ਼ ਦੀ ਗੱਲ ਹੈ ਕਿ ਜ਼ਿਲ੍ਹਾ ਸਿੱਖਿਆ ਅਫਸਰ ਨੂੰ ਸ਼ਖਤ ਹਦਾਇਤਾਂ ਦੇਣ ਦੇ ਬਾਵਜੂਦ ਉਨ੍ਹਾਂ ਨੇ ਇਸ ਪੱਖ ਦੀ ਅਵਹੇਲਣਾ ਕੀਤੀ ਹੈ ।

3.0 ਮੁੱਖ ਦਫਤਰ ਵੱਲੋਂ ਸਮੇਂ ਸਮੇਂ ਸਿਰ ਭੇਜੀਆਂ ਗਈਆਂ ਟੀਮਾਂ ਦੀ ਰਿਪੋਰਟਾਂ ਘੋਖਣ ਉਪਰੰਤ ਇਹ ਗੱਲ ਸਾਹਮਣੇ ਆਈ ਹੈ ਕਿ ਆਮ ਤੌਰ ਤੇ ਸਕੂਲਾਂ ਵਿੱਚ ਹੇਠਾ ਲਿਖੀਆ ਗਲਤੀਆਂ ਕੀਤੀਆਂ ਹਨ :-

1 ਕੁੱਝ ਸਕੂਲਾਂ ਨੇ ਸਕੂਲ ਦਾ ਕੋਡ ਨਹੀਂ ਸੀ ਭਰੀਆ
2 ਕੁੱਝ ਸਕੂਲਾਂ ਨੇ ਅੱਠਵੀਂ ਜਮਾਤ ਦਾ ਡਾਟਾ ਵੀ ਭਰ ਦਿੱਤਾ ਸੀ ।
3 ਕੁੱਝ ਸਕੂਲਾਂ ਦਾ ਕਾਲਮ 12 ਬੀ ਅਤੇ 17 ਏ ਦਾ ਜੋੜ ਨਹੀਂ ਸੀ ਮਿਲ ਰਿਹਾਂ ।
4 ਕੁੱਝ ਸਕੂਲਾਂ ਦਾ ਕਾਲਮ 14 ਬੀ ਅਤੇ 17 ਬੀ ਦਾ ਜੋੜ ਨਹੀਂ ਸੀ ਮਿਲ ਰਿਹਾ ।
5 ਕੁੱਝ ਸਕੂਲਾਂ ਨੇ ਕੰਪਿਊਟਰ ਅਧਿਆਪਕਾਂ ਦੀ ਸੰਖਿਆਂ ਵੀ ਕਾਲਮ 18 ਏ ਵਿੱਚ ਭਰ ਦਿੱਤੀ ਸੀ ।

6 ਕਾਲਮ 50 ਏ ਅਤੇ ਬੀ ਵਿੱਚ ਕੁੱਝ ਸਕੂਲਾਂ ਦਾ ਜੋੜ ਗਲਤ ਪਾਇਆ ਗਿਆ ।

4.0 ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਸੈਮੀਸ ਡਾਟਾ ਬਿਲਕੁਲ ਠੀਕ ਸਥਿਤੀ ਦੇ ਅਨੁਸਾਰ ਭਰਿਆ ਜਾਵੇ ਅਤੇ ਇਸ ਨੂੰ ਤੁਰੰਤ 25.2.2010 ਤੀਕ ਮੁੱਖ ਦਫਤਰ ਵਿੱਚ ਸਬਮਿਟ ਕੀਤਾ ਜਾਵੇ । ਇਹ ਯਕੀਨੀ ਬਣਾਇਆ ਜਾਵੇ ਕਿ ਇਹ ਡਾਟਾ ਬਿਲਕੁਲ ਠੀਕ ਭਰਿਆ ਗਿਆ ਹੈ ਅਤੇ ਇਸ ਵਿੱਚ ਕੋਈ ਅਣਗਹਿਲੀ ਨਹੀਂ ਹੋਈ ਹੈ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ